ਪੰਜਾਬ ਵਿਧਾਨ ਸਭਾ ਸਕੱਤਰੇਤ
ਮੰਗਲਵਾਰ, ਮਿਤੀ 25 ਫਰਵਰੀ, 2020 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ
ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨ੍ਹਾਂ ਨਿਸ਼ਾਨ ਵਾਲੇ ਪ੍ਰਸ਼ਨ।

**ਜ਼ਿਲ੍ਹਾ ਪੱਧਰ ਤੇ ਅਫਸਰਾਂ ਨੂੰ ਮੁਹੱਈਆ ਕਰਵਾਈ ਸੁੱਰਖਿਆ ਦਾ ਵੇਰਵਾ**

**367.ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਵੱਲੋਂ ਜ਼ਿਲ੍ਹਾ ਪੱਧਰ ਤੇ ਕਿਹੜੇ- ਕਿਹੜੇ ਪੱਧਰ ਦੇ ਅਫਸਰਾਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਜਾਂਦੀ ਹੈ ਅਤੇ ਇਨ੍ਹਾਂ ਅਫਸਰਾਂ ਨਾਲ ਕਿੰਨੇ-ਕਿੰਨੇ ਸੁਰੱਖਿਆ ਮੁਲਾਜ਼ਮ ਤੈਨਾਤ ਕੀਤੇ ਜਾਂਦੇ ਹਨ?

**ਰਾਜ ਦਾ ਜੰਗਲਾਤ ਅਧੀਨ ਰਕਬੇ ਦਾ ਵੇਰਵਾ**

**368.ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦਾ ਕੁੱਲ ਕਿੰਨੇ ਪ੍ਰਤੀਸ਼ਤ ਰਕਬਾ ਜੰਗਲਾਤ ਅਧੀਨ ਹੈ ਅਤੇ ਕੀ ਸਾਲ, 2017 ਤੋਂ ਬਾਅਦ ਰਾਜ ਦੇ ਜੰਗਲਾਤ ਅਧੀਨ ਏਰੀਏ ਵਿੱਚ ਕੋਈ ਕਮੀ ਆਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ?

**ਹਲਕਾ ਬੰਗਾ ਵਿਚ ਸ਼ਗਨ ਸਕੀਮ ਦੇ ਪੈਂਡਿੰਗ ਕੇਸਾਂ ਦੀ ਗਿਣਤੀ**

**369.ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਬੰਗਾ ਵਿੱਚ ਸ਼ਗਨ ਸਕੀਮ ਤਹਿਤ ਮਾਰਚ, 2017 ਤੋਂ ਮਿਤੀਬੱਧ ਤੱਕ ਕਿੰਨੇ ਲੋਕਾਂ ਨੂੰ ਇਸ ਸਕੀਮ ਦਾ ਲਾਭ ਮਿਲ ਚੁੱਕਾ ਹੈ ਅਤੇ ਜੋ ਕੇਸ ਅਜੇ ਪੈਂਡਿੰਗ ਪਏ ਹਨ ਉਹਨਾਂ ਦੀ ਪੇਮੈਂਟ ਲਾਭਪਾਤਰੀਆਂ ਨੂੰ ਕਦੋਂ ਤੱਕ ਦੇ ਦਿੱਤੀ ਜਾਵੇਗੀ?

**ਹਲਕਾ ਬੰਗਾ ਦੇ ਸਰਕਾਰੀ ਸਕੂਲਾਂ ਵਿਚ ਸਟਾਫ ਦੀ ਘਾਟ ਪੂਰੀ ਕਰਨਾ**

**370.ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਸਿਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਿਧਾਨ ਸਭਾ ਹਲਕਾ ਬੰਗਾ ਵਿੱਚ ਪੈਂਦੇ ਸਰਕਾਰੀ ਸਕੂਲਾਂ ਵਿੱਚ ਸਟਾਫ ਪੂਰਾ ਹੈ; ਜੇਕਰ ਨਹੀਂ ਤਾਂ ਇਹਨਾਂ ਸਕੂਲਾਂ ਵਿੱਚ ਸਟਾਫ ਦੀ ਕਿੰਨੀ-ਕਿੰਨੀ ਘਾਟ ਹੈ ਅਤੇ ਇਸ ਨੂੰ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ?

**ਹਲਕਾ ਜਗਰਾਓਂ ਵਾਸੀਆਂ ਲਈ ਭਲਾਈ ਸਕੀਮਾਂ ਦੇ ਵੇਰਵੇ**

**349. ਸ੍ਰੀਮਤੀ ਸਰਵਜੀਤ ਕੋਰ ਮਾਣੂੰਕੇ, ਐਮ.ਐਲ.ਏ.:-** ਕੀ ਸਥਾਨਕ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਹਲਕਾ ਜਗਰਾਓਂ ਦੀ ਕੌਂਸਲ ਵੱਲੋਂ ਸ਼ਹਿਰ ਵਾਸੀਆਂ ਦੀ ਭਲਾਈ ਲਈ ਕੋਈ ਸਕੀਮ ਚਲਾਈ ਗਈ ਹੈ; ਜੇਕਰ ਹਾਂ ਤਾਂ ਕਿਹੜੀ-ਕਿਹੜੀ ਭਲਾਈ ਸਕੀਮ ਚਲਾਈ ਗਈ ਹੈ ਤੇ ਇਸ ਦੇ ਕਿੰਨੇ ਲਾਭਪਾਤਰੀ ਹਨ;

ਅ) ਕਿਹੜੀ ਸਕੀਮ ਤੇ ਕਿੰਨਾਂ ਖਰਚ ਕੀਤਾ ਗਿਆ?

**ਜਗਰਾਓਂ ਕੌਂਸਲ ਵਿਖੇ ਕੰਮ ਕਰ ਰਹੇ ਮੁਲਾਜਮਾਂ ਦਾ ਵੇਰਵਾ**

**350. ਸ੍ਰੀਮਤੀ ਸਰਵਜੀਤ ਕੋਰ ਮਾਣੂੰਕੇ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਜਗਰਾਓਂ ਦੀ ਕੌਂਸਲ ਵਿੱਚ ਕੁੱਲ ਕਿੰਨੇ ਅਧਿਕਾਰੀ/ਕਰਮਚਾਰੀ ਕੰਮ ਕਰ ਰਹੇ ਹਨ; ਉਹਨਾਂ ਦੇ ਅਹੁਦੇ ਕੀ ਹਨ;

ਅ) ਇੰਨ੍ਹਾਂ ਵਿਚ ਕਿੰਨੀਆਂ ਅਸਾਮੀਆਂ ਪੱਕੀਆਂ ਤੇ ਕਿੰਨੀਆਂ ਅਸਾਮੀਆਂ ਕੱਚੀਆਂ ਹਨ;

ੲ) ਇੰਨ੍ਹਾਂ ਕੱਚੀਆਂ ਅਸਾਮੀਆਂ ਤੇ ਕੰਮ ਕਰ ਰਹੇ ਮੁਲਾਜਮਾਂ ਨੂੰ ਕਦੋਂ ਤੱਕ ਪੱਕਾ ਕਰ ਦਿੱਤਾ ਜਾਵੇਗਾ;

ਸ) ਠੇਕੇ ਅਧਾਰਿਤ, ਅਊਟ ਸੋਰਸ, ਡੇਲੀ ਵੇਜ ਵਾਲੇ ਕੁੱਲ ਕਿੰਨੇ ਕਰਮਚਾਰੀ ਹਨ;

ਹ) ਇੱਕ ਅਧਿਕਾਰੀ ਦਾ ਘੱਟੋ-ਘੱਟ ਮਿਹਨਤਾਨਾ ਕੀ ਹੈ ਅਤੇ ਕੀ ਨਗਰ ਕੌਂਸਲ ਡੀ.ਸੀ.ਰੇਟ ਹਿਸਾਬ ਨਾਲ ਮਿਹਨਤਾਨਾ ਦੇ ਰਹੀ ਹੈ?

**ਜਗਰਾਓਂ ਦੇ PHC ਸੈਂਟਰਾਂ ਵਿਚ ਵਰਤੇ ਜਾਂਦੇ ਵਹੀਕਲ**

**353. ਸ੍ਰੀਮਤੀ ਸਰਵਜੀਤ ਕੋਰ ਮਾਣੂੰਕੇ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਜਗਰਾਊਂ ਦੇ ਪੀ.ਐਚ.ਸੀ. ਸੈਂਟਰਾਂ ਵਿੱਚ ਕਿੰਨੇ ਸਰਕਾਰੀ/ਪ੍ਰਾਈਵੇਟ ਵਹੀਕਲ ਮਰੀਜਾਂ ਦੀ ਸਹੂਲਤ ਲਈ ਹਨ;

ਅ) ਇਹਨਾਂ ਵਾਹਨਾਂ ਦੀ ਇੰਸ਼ੋਰੈਂਸ ਕਦੋਂ ਤੱਕ ਕਰਵਾਉਣੀ ਪਈ;

ੲ) ਠੇਕੇ ਤੇ ਲਈਆਂ ਵਹੀਕਲ ਦੀ ਗਿਣਤੀ, ਠੇਕੇ ਤੇ ਲਏ ਵਾਹਨਾਂ ਦੇ ਕੱਟ ਦਾ ਵੇਰਵਾ, ਠੇਕੇ ਤੇ ਲਏ ਵਾਹਨਾਂ ਦੀ ਕਿੱਥੇ ਵਰਤੋਂ ਕਿਸ ਲਈ ਕੀਤੀ ਜਾਂਦੀ ਹੈ, ਇਹਨਾਂ ਵਿੱਚ ਡੀਜ਼ਲ/ਪੈਟਰੋਲ ਪਵਾਉਣ ਦਾ ਪਿੱਛਲੇ 2 ਸਾਲਾਂ ਦਾ ਵੇਰਵਾ ਅਤੇ ਸਰਕਾਰੀ ਵਹੀਕਲ ਦੀਆਂ ਆਰ. ਸੀ. ਦੀਆਂ ਕਾਪੀਆਂ ਦਿੱਤੀਆਂ ਜਾਣ?

**ਹਲਕਾ ਜਗਰਾਓਂ ਅਧੀਨ ਪੈਂਦੇ ਪਿੰਡਾਂ ਦੀਆਂ ਬਣਾਈਆਂ ਸੜਕਾਂ ਦਾ ਵੇਰਵਾ**

**354. ਸ੍ਰੀਮਤੀ ਸਰਵਜੀਤ ਕੋਰ ਮਾਣੂੰਕੇ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਜਗਰਾਊਂ ਅਧੀਨ ਪੈਂਦੇ ਪਿੰਡਾਂ ਦੀਆਂ ਪੀ.ਡਬਲਯੂ.ਡੀ ਨੇ ਕਿੰਨੀਆਂ ਸੜਕਾਂ ਸਾਲ 2017-18,2018-19,2019-2020 ਤੱਕ ਬਣਾਈਆਂ/ਰਿਪੇਅਰ ਕੀਤੀਆਂ;

ਅ) ਕੀ ਹੋਰ ਨਵੀਆਂ ਸੜਕਾਂ ਬਣਾਉਣ ਦੀ ਕੋਈ ਤਜਵੀਜ ਹੈ; ਜੇਕਰ ਹੈ ਤਾਂ ਇਹ ਕਦੋਂ ਸ਼ੁਰੂ ਹੋਣਗੀਆਂ;

**ਬਰਨਾਲੇ ਦੇ ਨਿਵਾਸੀਆਂ ਨੂੰ ਡਰਾਇਵਿੰਗ ਲਾਇਸੈਂਸ ਬਣਵਾਉਣ ਲਈ ਫੋਟੋ ਖਿਚਵਾਉਣ ਦਾ ਪ੍ਰਬੰਧ ਕਰਨਾ**

**331.ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ.:-** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਰਨਾਲਾ ਜਿਲ੍ਹੇ ਦੇ ਨਿਵਾਸੀਆਂ ਨੂੰ ਹੈਵੀ ਲਾਇਸੈਂਸ ਬਣਵਾਉਣ ਲਈ ਫੋਟੋ ਖਿਚਵਾਉਣ ਸੰਗਰੂਰ ਜਾਣਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਹ ਸੇਵਾ ਬਰਨਾਲਾ ਜਿਲ੍ਹੇ ਵਿੱਚ ਹੀ ਸ਼ੁਰੂ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ?

**ਮਹਿਲ ਕਲਾਂ ਦੇ ਸਰਕਾਰੀ ਹਸਪਤਾਲ ਵਿਚ ਡਾਕਟਰਾਂ ਦੀ ਘਾਟ ਪੂਰੀ ਕਰਨਾ**

**332.ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਮਹਿਲ ਕਲਾਂ ਦੇ ਸਰਕਾਰੀ ਹਸਪਤਾਲ ਵਿਚ ਐਕਸ ਰੇ, ਈ.ਸੀ.ਜੀ., ਐਮ.ਡੀ. ਡਾਕਟਰ ਅਤੇ ਰੇਡੀਓਲੋਜਿਸਟ ਦੀ ਘਾਟ ਹੈ; ਜੇਕਰ ਅਜਿਹਾ ਹੈ ਤਾਂ ਇਸ ਘਾਟ ਨੂੰ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ?

ਵੇਚੀਆ ਗਈਆਂ ਪੰਚਾਇਤੀ ਜ਼ਮੀਨਾਂ ਦੇ ਵੇਰਵੇ

334. ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ.: - ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿਚ ਸਾਲ 2012-13 ਤੋਂ 2019-20 (ਮਿਤੀ ਅੰਤ ਤੱਕ) ਵੇਚੀਆਂ ਗਈਆਂ ਪੰਚਾਇਤੀ ਜ਼ਮੀਨਾਂ (ਸ਼ਾਮਲਾਤ ਜ਼ਮੀਨਾਂ) ਦੇ ਵੇਰਵੇ ਕੀ ਹਨ;

ਅ) ਕੀ ਪੰਚਾਇਤਾਂ ਆਪਣੇ ਪੱਧਰ ਤੇ ਸ਼ਾਮਲਾਤ ਜ਼ਮੀਨ ਵੇਚ ਸਕਦੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਨਿਯਮਾਂ ਦੀ ਕਾਪੀ ਸਦਨ ਵਿਚ ਪੇਸ਼ ਕੀਤੀ ਜਾਵੇ ਅਤੇ ਜੇਕਰ ਨਹੀਂ ਤਾਂ ਜਿਲ੍ਹਾ ਪਟਿਆਲਾ ਅਤੇ ਮੋਹਾਲੀ ਵਿਚ ਪੰਚਾਇਤਾਂ ਸ਼ਾਮਲਾਤ ਜ਼ਮੀਨਾਂ ਕਿਸ ਨਿਯਮ ਅਧੀਨ ਵੇਚ ਰਹੀਆਂ ਹਨ?

ਪਰਤੋਂ ਜੀ...

**ਸਰਪਲਸ ਬਿਜਲੀ ਸਬੰਧੀ**

335. ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ.:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਉਨ੍ਹਾਂ ਦੇ ਧਿਆਨ ਵਿਚ ਹੈ ਕਿ ਪ੍ਰਾਈਵੇਟ ਪਾਵਰ ਪਲਾਂਟਾਂ ਨਾਲ ਇਕਰਾਰਨਾਮਾ ਕਰਦੇ ਸਮੇਂ ਬਿਜਲੀ ਵਿਭਾਗ ਦੁਆਰ ਨਿਸ਼ਚਿਤ ਦਰਾਂ ਦਾ ਉਪਬੰਧ ਕੀਤਾ ਗਿਆ ਸੀ;ਇਸ ਸਬੰਧ ਵਿਚ ਪਿਛਲੇ ਪੰਜ ਸਾਲਾਂ ਦੇ ਦੌਰਾਨ (ਪਲਾਂਟ-ਵਾਰ ਅਤੇ ਜਿਲ੍ਹਾ-ਵਾਰ) ਮੁਕੱਰਰ ਦਰਾਂ ਦੇ ਕਾਰਨ ਕੁੱਲ ਕਿੰਨੀਆਂ ਯੂਨਿਟਾਂ ਨਿਰਧਾਰਿਤ ਕੀਤੀਆਂ ਗਈਆ ਅਤੇ ਪ੍ਰਾਈਵੇਟ ਪਾਵਰ ਪਲਾਂਟਾਂ ਨੂੰ ਕਿੰਨੀ ਰਾਸ਼ੀ ਦੀ ਅਦਾਇਗੀ ਕੀਤੀ ਗਈ;

ਅ) ਪਿਛਲੇ ਪੰਜ ਸਾਲਾਂ ਦੇ ਦੌਰਾਨ (ਪਲਾਂਟ-ਵਾਰ ਅਤੇ ਸਾਲ ਵਾਰ) ਇਹਨਾਂ ਪ੍ਰਾਈਵੇਟ ਪਾਵਰ ਪਲਾਂਟਾਂ ਤੋਂ ਮਹੀਨਾ-ਵਾਰ ਕਿੰਨੀਆਂ ਯੂਨਿਟਾਂ (ਮਿਲੀਅਨ ਵਿਚ)ਖਪਤ ਕੀਤੀਆਂ ਗਈਆ;

ੲ) ਪਿਛਲੇ ਪੰਜ ਸਾਲਾਂ (ਪਲਾਂਟ-ਵਾਰ ਅਤੇ ਜਿਲ੍ਹਾ ਵਾਰ) ਦੇ ਦੌਰਾਨ ਇਹਨਾਂ ਪ੍ਰਾਈਵੇਟ ਪਾਵਰ ਪਲਾਂਟਾਂ ਨੂੰ ਵਾਧੂ ਬਿਜਲੀ ਦੇ ਰੂਪ ਵਿਚ ਕਿੰਨੀਆ ਯੂਨਿਟਾਂ (ਮਿਲੀਅਨ ਵਿਚ) ਵਾਪਿਸ ਕੀਤੀਆਂ ਗਈਆਂ ਅਤੇ ਕਿੰਨੀ ਬਿਜਲੀ (ਮਿਲੀਅਨ ਵਿਚ) ਵੇਚੀ ਗਈ;

ਸ) ਸਰਕਾਰ ਨੇ ਇਹਨਾਂ ਪ੍ਰਾਈਵੇਟ ਪਾਵਰ ਪਲਾਂਟਾ ਦੀ ਖਪਤ ਨਾ ਕੀਤੀ ਗਈ ਵਾਧੂ ਬਿਜਲੀ ਨੂੰ ਖੁਦ ਵੇਚਣ ਦੀਆਂ ਕੀ ਕੋਸ਼ਿਸ਼ਾਂ ਕੀਤੀਆਂ ਅਤੇ ਸਾਰੀ ਵਾਧੂ ਬਿਜਲੀ ਨਾ ਵੇਚਣ ਦੇ ਕੀ ਕਾਰਨ ਹਨ?

**ਆਟਾ ਦਾਲ ਸਕੀਮ ਸਬੰਧੀ ਬਣਾਈਆਂ ਗਈਆਂ ਨਿਗਰਾਨ ਕਮੇਟੀਆਂ ਦੇ ਕੰਮਾਂ ਦਾ ਵੇਰਵਾ**

**339. ਸ੍ਰੀ ਬਲਦੇਵ ਸਿੰਘ ਖਹਿਰਾ, ਐਮ.ਐਲ.ਏ.:-** ਕੀ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਵੱਲੋਂ ਆਟਾ ਦਾਲ ਸਕੀਮ ਸਬੰਧੀ ਬਣਾਈਆਂ ਗਈਆਂ ਨਿਗਰਾਨ ਕਮੇਟੀਆਂ ਦੇ ਕੀ-ਕੀ ਕੰਮ ਹੁੰਦੇ ਹਨ, ਇਨ੍ਹਾਂ ਕਮੇਟੀਆਂ ਦੀ ਚੋਣ ਕਿਸ ਵੱਲੋਂ ਕੀਤੀ ਜਾਂਦੀ ਹੈ ਅਤੇ ਅਜਿਹੀਆਂ ਕਮੇਟੀਆਂ ਵਿੱਚ ਕਿਹੜੇ ਪੱਧਰ ਦੇ ਅਧਿਕਾਰੀ ਅਤੇ ਪਬਲਿਕ ਨੁਮਾਂਦਿਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਬੇਰੁਜਗਾਰ ਨੌਜਵਾਨਾਂ ਨੂੰ ਦਿੱਤੀਆਂ ਸਰਕਾਰੀ ਨੌਕਰੀਆਂ ਸਬੰਧੀ**

372. **1. ਸ੍ਰੀ ਬਲਦੇਵ ਸਿੰਘ ਖਹਿਰਾ, ਐਮ.ਐਲ.ਏ.)**
**2.ਸ੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ)**
**3. ਸ੍ਰੀ ਐਨ ਕੇ ਸ਼ਰਮਾ, ਐਮ.ਐਲ.ਏ):-** ਕੀ ਰੋਜਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਰਾਜ ਸਰਕਾਰ ਵੱਲੋਂ ਸੂਬੇ ਦੇ ਹਰ ਘਰ ਦੇ ਇੱਕ ਜੀਅ ਨੂੰ ਨੌਕਰੀ ਦੇਣ ਦੇ ਕੀਤੇ ਗਏ ਵਾਅਦੇ ਨੂੰ ਪੂਰਾ ਕਰ ਦਿੱਤਾ ਹੈ; ਜੇਕਰ ਅਜਿਹਾ ਹੋਵੇ ਤਾਂ ਸਾਲ 2017 ਤੋਂ ਹੁਣ ਤੱਕ ਰਾਜ ਦੇ ਕਿੰਨੇ ਬੇਰੁਜ਼ਗਾਰ ਨੌਜਵਾਨਾਂ ਨੂੰ ਇਸ ਸਕੀਮ ਤਹਿਤ ਸਰਕਾਰੀ ਨੌਕਰੀਆਂ ਦੇ ਦਿੱਤੀਆਂ ਗਈਆਂ ਹਨ, ਜ਼ਿਲ੍ਹਾਵਾਰ ਵੇਰਵੇ ਸਹਿਤ ਦੱਸਿਆ ਜਾਵੇ;

ਅ) ਉਪਰੋਕਤ ਵਿੱਚੋਂ ਕਿੰਨੇ ਰਾਜ ਦੇ ਪੱਕੇ ਵਸਨੀਕਾਂ (ਪਿੰਡ/ਸ਼ਹਿਰ ਵਾਇਜ਼), ਕਿੰਨੇ ਬਾਹਰਲੇ ਸੂਬਿਆਂ ਦੇ ਨੌਜਵਾਨਾਂ ਨੂੰ ਕਿਹੜੇ-ਕਿਹੜੇ ਸੂਬੇ ਵਿੱਚ ਨੌਕਰੀਆਂ ਮੁਹੱਈਆ ਕਰਵਾਈਆਂ ਗਈਆਂ ਹਨ ਅਤੇ ਇਹਨਾਂ ਨੌਕਰੀਆਂ ਦੀ ਕਿੰਨੀ ਮਿਆਦ ਹੈ; ਪੂਰਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਵੇ?

**ਸ਼ਗਨ ਸਕੀਮ ਦੀ ਰਾਸ਼ੀ ਵਿੱਚ ਵਾਧਾ ਕਰਨਾ**

**373. ਸ੍ਰੀ ਬਲਦੇਵ ਸਿੰਘ ਖਹਿਰਾ, ਐਮ.ਐਲ.ਏ.:-** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸ਼ਗਨ ਸਕੀਮ ਦੀ ਰਾਸ਼ੀ ਨੂੰ 21000/- ਰੁਪਏ ਤੋਂ ਵਧਾ ਕੇ 51000/- ਰੁਪਏ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ ਤਾਂ ਕਦੋਂ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਬੇਰੁਜ਼ਗਾਰੀ ਭੱਤੇ ਦੀ ਰਾਸ਼ੀ ਵਧਾਉਣਾ**

**374. ਸ੍ਰੀ ਬਲਦੇਵ ਸਿੰਘ ਖਹਿਰਾ, ਐਮ.ਐਲ.ਏ.:-** ਕੀ ਰੋਜਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਵੱਲੋਂ ਸੂਬੇ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਭੱਤਾ ਕਿੰਨਾਂ ਦਿੱਤਾ ਜਾਂਦਾ ਹੈ ਅਤੇ ਕੀ ਮੌਜੂਦਾ ਬੇਰੁਜ਼ਗਾਰੀ ਭੱਤੇ ਦੀ ਰਾਸ਼ੀ ਨੂੰ ਵਧਾ ਕੇ 2500/- ਰੁਪਏ ਪ੍ਰਤੀ ਮਹੀਨਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ ਤਾਂ ਕਦੋਂ?

**ਸਿਵਲ ਡਿਸਪੈਂਸਰੀ, ਗੜ੍ਹਦੀਵਾਲਾ ਨੂੰ ਸੀ.ਐਚ.ਸੀ. ਵਿੱਚ ਅੱਪਗ੍ਰੇਡ ਕਰਨਾ**

**375. ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿਵਿਲ ਡਿਸਪੈਂਸਰੀ ਗੜ੍ਹਦੀਵਾਲਾ, ਜਿਸ ਦੀ ਇਕ ਵੱਡੀ ਬਿਲਡਿੰਗ ਕਾਫੀ ਸਮੇਂ ਤੋਂ ਬਣ ਕੇ ਤਿਆਰ ਹੈ, ਨੂੰ ਕਦੋਂ ਤੱਕ CHC ਵਿਚ ਅਪਗ੍ਰੇਡ ਕਰ ਦਿੱਤਾ ਜਾਵੇਗਾ ਜਿਸ ਦੀ ਤਜਵੀਜ ਸਰਕਾਰ ਨੂੰ ਕਾਫੀ ਸਮਾਂ ਪਹਿਲਾਂ ਭੇਜੀ ਜਾ ਚੁੱਕੀ ਹੈ ?

**ਸੀ.ਐਚ.ਸੀ. ਟਾਂਡਾ ਨੂੰ ਅੱਪਗ੍ਰੇਡ ਕਰਨਾ**

**376. ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹੁਸ਼ਿਆਰਪੁਰ ਜਿਲੇ ਦੇ CHC ਹਸਪਤਾਲਾਂ ਵਿਚੋ ਸਿਰਫ CHC ਟਾਂਡਾ ਹਸਪਤਾਲ ਜੋ ਕਿ 30 ਬੈੱਡਾਂ ਵਾਲਾ ਹਸਪਤਾਲ ਹੈ, ਦੀ OPD ਸਭ ਤੋਂ ਵੱਧ ਹੈ, ਜੋ ਕਿ ਲਗਭਗ 700 ਦੇ ਕਰੀਬ ਰੋਜਾਨਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਅੱਪਗ੍ਰੇਡ ਕਰਕੇ 100 ਬੈਡਾਂ ਵਾਲਾ ਹਸਪਤਾਲ ਕਦੋਂ ਤੱਕ ਬਣਾਉਣ ਬਾਰੇ ਸਰਕਾਰ ਦੀ ਤਜਵੀਜ ਹੈ?

**ਹਲਕਾ ਉੜਮੁੜ ਟਾਂਡਾ ਦੇ ਪਿੰਡ ਮਸਤੀਵਾਲਾ ਵਿਚ ਨਵਾਂ ITI ਸ਼ੁਰੂ ਕਰਨਾ**

**377. ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਐਮ.ਐਲ.ਏ.:-** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਉੜਮੁੜ ਟਾਂਡਾ ਦੇ ਕੰਢੀ ਇਲਾਕੇ ਦੇ ਪਿੰਡ ਮਸਤੀਵਾਲ ਵਿਚ ਸਰਕਾਰ ਵਲੋਂ ਨਵਾ ITI ਸ਼ੁਰੂ ਕਰਨ ਦੀ ਕੋਈ ਤਜਵੀਜ ਹੈ, ਜੇਕਰ ਹੈ ਤਾਂ ਕੱਦ ਤੱਕ ਸ਼ੁਰੂ ਹੋ ਜਾਵੇਗਾ?

**ਹੈਵੀ ਕਮਰਸ਼ੀਅਲ ਵਹੀਕਲਾਂ ਨੂੰ ਪੇਂਡੂ ਲਿੰਕ ਸੜਕਾਂ ਉਪਰ ਚਲਣ ਤੋਂ ਰੋਕਣਾ**

**378. ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ

ੳ) ਕੀ ਇਹ ਠੀਕ ਹੈ ਕਿ ਪੇਂਡੂ ਲਿੰਕ ਸੜਕਾਂ ਉਪਰੋ ਟੋਲ ਟੈਕਸ ਬਚਾਉਣ ਲਈ ਹੈਵੀ ਕਮਰਸ਼ੀਅਲ ਵਹੀਕਲ/ਟਿੱਪਰ ਲੰਘਣ ਕਾਰਨ,ਇਹ ਲਿੰਕ ਸੜਕਾ ਬਣਨ ਦੇ ਕੁਝ ਸਮੇਂ ਬਾਅਦ ਹੀ ਟੁੱਟਣੀਆਂ ਸ਼ੁਰੂ ਹੋ ਗਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਵਲੋਂ ਇਹਨਾ ਨੂੰ ਪੇਂਡੂ ਲਿੰਕ ਸੜਕਾਂ ਉਪਰ ਚਲਣ ਤੋਂ ਰੋਕਣ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ; ਉਹਨਾ ਦੇ ਵੇਰਵੇ ਦਿੱਤੇ ਜਾਣ;

ਅ) ਕੀ ਇਹਨਾ ਕਮਰਸ਼ੀਅਲ ਹੈਵੀ ਵਹੀਕਲ/ਟਿੱਪਰ ਤੋਂ ਪੇਂਡੂ ਲਿੰਕ ਰੋਡ ਉਪੱਰ ਲੰਘਣ ਦੀ ਸੂਰਤ ਵਿਚ ਲੋਕਲ ਗ੍ਰਾਮ ਪੰਚਾਇਤ ਟੈਕਸ ਵਸੂਲ ਸਕਦੀ ਹੈ, ਇਸ ਸਬੰਧੀ ਰੂਲਾ ਦੀ ਕਾਪੀ ਅਤੇ ਇਹਨਾਂ ਟਿੱਪਰਾਂ/ਵਹੀਕਲਾਂ ਤੋਂ ਗ੍ਰਾਮ ਪੰਚਾਇਤ ਕਿੰਨਾ ਟੈਕਸ ਵਸੂਲ ਸਕਦੀ ਹੈ; ਸਬੰਧੀ ਦੱਸਿਆ ਜਾਵੇ?

ਚੰਡੀਗੜ੍ਹ
ਮਿਤੀ **20** ਫਰਵਰੀ, 2020

24/2/2020
ਸੁਪਰਡੰਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।